ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)

ਮੀਮੋ ਨੰ ਸਸਅ/ਪੈਡਾਗੋਗੀ /09/068011-068030
ਮਿਤੀ : ਚੰਡੀਗੜ੍ਹ 18 ਸਤੰਬਰ, 2009

**ਵਿਸ਼ਾ ਸਿੱਖਿਆ ਕਰਮੀਆਂ ਵੱਲੋਂ ਟੀ.ਐਲ.ਐਮ. ਦੀ ਵਰਤੋਂ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਣ ਦੇ ਲਈ ਹਰੇਕ ਅਧਿਆਪਕ ਨੂੰ 500/- ਰੁਪਏ ਸਾਲਾਨਾ ਟੀਚਰ ਗ੍ਰਾਂਟ ਦਿੱਤੀ ਜਾਂਦੀ ਹੈ । ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਅਧਿਆਪਕ ਇਸ ਗ੍ਰਾਂਟ ਵਿੱਚੋ ਬਾਜ਼ਾਰ ਵਿੱਚੋਂ ਬਣਿਆ ਹੋਇਆ ਸਮਾਨ ਖ੍ਰੀਦ ਲੈਂਦੇ ਹਨ ਅਤੇ ਬਾਅਦ ਵਿੱਚ ਇਸ ਸਮਾਨ ਦੀ ਵਰਤੋਂ ਵੀ ਨਹੀਂ ਕੀਤੀ ਜਾਂਦੀ ਕਿਉਂ ਕਿ ਇਸ ਸਮਾਨ ਨਾਲ ਅਧਿਆਪਕ ਅਤੇ ਬੱਚਿਆਂ ਦਾ ਕੋਈ ਲਗਾਓ ਨਹੀਂ ਹੁੰਦਾ ।

3.0 ਇਹ ਵੀ ਵੇਖਣ ਵਿੱਚ ਆਇਆ ਹੈ ਕਿ ਇਹ ਗ੍ਰਾਂਟ ਸਿਰਫ ਰੈਗੂਲਰ ਅਧਿਆਪਕਾਂ ਨੂੰ ਹੀ ਦਿੱਤੀ ਜਾਂਦੀ ਹੈ ਅਤੇ ਸਿੱਖਿਆ ਕਰਮੀਆਂ ਨੂੰ ਕੋਈ ਗ੍ਰਾਂਟ ਨਹੀਂ ਦਿੱਤੀ ਜਾਂਦੀ । ਸਿੱਖਿਆ ਕਰਮੀਆਂ ਵੱਲੋਂ ਟੀ.ਐਲ.ਐਮ. ਬਨਾਉਣ ਲਈ ਮੁੱਖ ਦਫਤਰ ਨੂੰ ਮੰਗ ਕੀਤੀ ਗਈ ਹੈ ।

4.0 ਇਸ ਸਾਰੇ ਮੁੱਦੇ ਨੂੰ ਬੜੇ ਵਿਸਥਾਰ ਵਿੱਚ ਵਿਚਾਰਿਆ ਗਿਆ ਹੈ । ਇਸ ਸਾਰੇ ਮੁੱਦੇ ਨੂੰ ਚੰਗੀ ਤਰ੍ਹਾਂ ਵਿਚਾਰਣ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਭਾਵੇਂ ਕਿ ਇਹ ਗ੍ਰਾਂਟ 500/- ਰੁਪਏ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ, ਪਰੰਤੂ ਸਾਰੇ ਅਧਿਆਪਕਾਂ ਨੂੰ ਮਿਲੀ ਗ੍ਰਾਂਟ ਸਾਂਝੇ ਤੌਰ ਤੇ ਟੀ.ਐਲ.ਐਮ. ਲਈ ਵਰਤੀ ਜਾ ਸਕਦੀ ਹੈ । ਸਕੂਲ ਮੁੱਖੀ ਟੀ.ਐਲ.ਐਮ. ਦੇ ਅਧੀਨ

ਪ੍ਰਾਪਤ ਹੋਏ ਸਾਰੇ ਅਧਿਆਪਕਾਂ ਦੀ ਗਰਾਂਟ ਨੂੰ ਇਕੱਠੀ ਕਰਕੇ ਸਕੂਲ ਲਈ ਲੋੜ ਮੁਤਾਬਿਕ ਟੀ.ਐਲ.ਐਮ. ਤਿਆਰ ਕਰਵਾਉਣ ਜਿਸ ਨੂੰ ਸਾਰੇ ਸਿੱਖਿਆ ਕਰਮੀਆਂ ਸਮੇਤ ਸਾਰੇ ਅਧਿਆਪਕ, ਵਿਦਿਆਰਥੀ ਕੰਮ ਵਿੱਚ ਲੈਣ । ਇਸ ਟੀ.ਐਲ.ਐਮ. ਨੂੰ ਸਿੱਖਿਆ ਕਰਮੀਆਂ ਨੂੰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਵਿੱਚ ਕੋਈ ਕਮੀ ਨਾ ਰਹਿ ਜਾਵੇ । ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਟੀਚਰ ਗ੍ਰਾਂਟ ਦੀ ਵਰਤੋਂ ਬਣੇ ਬਣਾਏ ਸਮਾਨ ਨੂੰ ਖ੍ਰੀਦਣ ਲਈ ਨਾ ਕੀਤਾ ਜਾਵੇ । ਇਸ ਦੇ ਨਾਲ ਹੀ ਟੀ.ਐਲ.ਐਮ. ਦੀ ਰਾਸ਼ੀ ਨੂੰ ਸਿੱਖਿਆ ਕਰਮੀ ਅਧਿਆਪਕਾਂ ਨਾਲ ਮਿਲ ਕੇ ਇੱਕ ਸਾਰ ਟੀ.ਐਲ.ਐਮ. ਤਿਆਰ ਕੀਤਾ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ